**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ ) ਪੰਜਾਬ।**
**ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ - ਈ, ਐਸ ਏ ਐਸ ਨਗਰ**

**ਪਬਲਿਕ ਨੋਟਿਸ**

ਨੰ: ਈ/ 2026213209 ਮਿਤੀ 06.08.2026

1. ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 6635 ਅਸਾਮੀਆਂ ਨੂੰ ਭਰਨ ਲਈ ਮਿਤੀ 30.07.2021 ਨੂੰ (Post of Teacher in Disadvantage Area, Punjab Act No. 12 of 2021) ਤਹਿਤ ਵਿਗਿਆਪਨ ਦਿੱਤਾ ਗਿਆ ਸੀ। ਇਸ ਭਰਤੀ ਅਧੀਨ ਵੱਖ ਵੱਖ ਪੜਾਵਾਂ ਵਿੱਚ ਜਨਵਰੀ 2024 ਤੱਕ ਅਸਾਮੀਆਂ ਨੂੰ ਭਰਦੇ ਹੋਏ ਹੁਕਮ ਨੰ: 381540 /2024204633 ਮਿਤੀ 19.08.2024 ਦੇ ਪਬਲਿਕ ਨੋਟਿਸ ਜਾਰੀ ਕਰਕੇ ਇਹ ਭਰਤੀ ਬੰਦ ਕਰ ਦਿੱਤੀ ਗਈ ਸੀ। EWS ਕੈਟਾਗਰੀ ਦੇ ਉਮੀਦਵਾਰਾਂ ਦੇ ਵਲੋਂ ਦਾਇਰ ਕੀਤੀਆਂ ਰਿੱਟ ਪਟੀਸ਼ਨਾਂ CWP No. 4204 of 2021 ਸਿੰਕਦਰ ਸਿੰਘ (ਬੰਚ ਮੈਟਰ), CWP No. 14988 of 2023 ਰਜੋ ਬਾਈ, COCP-4555-2024 ਅਤੇ COCP-5172-2024 ਦੇ ਵਿੱਚ ਹੋਏ ਫੈਸਲਿਆਂ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਪੁਰਾਣੀਆਂ ਸਿਲੈਕਸ਼ਨ ਸੂਚੀਆਂ ਨੂੰ ਰੀ-ਕਾਸਟ ਕਰਕੇ EWS ਕੈਟਾਗਰੀ ਦੇ ਨਵੇਂ ਯੋਗ ਹੋਏ ਉਮੀਦਵਾਰਾਂ ਨੂੰ ਸਾਮਿਲ ਕੀਤਾ ਗਿਆ ਸੀ। ਇਸ ਪ੍ਰਕਿਰਿਆ ਅਧੀਨ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਰਾਹੀਂ ਪ੍ਰਾਪਤ ਹੋਈ 08 ਉਮੀਦਵਾਰਾਂ ਨੂੰ ਮਿਤੀ 07.08.2026 ਨੂੰ ਇਸ ਦਫਤਰ ਵਿਖੇ ਸਟੇਸ਼ਨ ਚੁਆਇਸ ਕਰਵਾਈ ਜਾਣੀ ਹੈ।

2. ਸਬੰਧਤ ਉਮੀਦਵਾਰ ਸਟੇਸ਼ਨ ਚੋਣ ਲਈ ਮਿਤੀ 07.08.2026 ਨੂੰ ਦੁਪਹਿਰ 2:30 ਵਜੇ ਇਸ ਦਫਤਰ ਵਿਖੇ ਪਹੁੰਚਣ। ਜੋ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ ਉਹਨਾਂ ਨੂੰ ਵੈਕੰਸੀ ਲਿਸਟ ਵਿੱਚ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਦਫਤਰ ਵਲੋਂ ਆਪਣੇ ਪੱਧਰ ਤੇ ਅਲਾਟ ਕਰ ਦਿੱਤਾ ਜਾਵੇਗਾ ਜਿਸ ਨੂੰ ਮੁੜ ਬਦਲਿਆ ਨਹੀਂ ਜਾਵੇਗਾ।

3. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ ਇਸ ਕਾਡਰ ਵਿੱਚ ਕਿਸੇ ਹੋਰ ਭਰਤੀ ਅਧੀਨ ਪਹਿਲਾਂ ਹੀ ਨਿਯੁਕਤ ਹਨ, ਉਹ ਉਮਦੀਵਾਰ ਵੀ ਇਸ ਭਰਤੀ ਵਿੱਚ ਨਿਯੁਕਤੀ ਪੱਤਰ ਲੈਣ ਦੇ ਹੱਕਦਾਰ ਹੋਣਗੇ। ਪ੍ਰੰਤੂ ਇਹ ਨਿਯੁਕਤੀ 6635 ਈ ਟੀ ਟੀ ਦੀ ਭਰਤੀ ਮੁਤਾਬਿਕ ਨਵੀਂ ਨਿਯੁਕਤੀ ਮੰਨੀ ਜਾਵੇਗੀ ਅਤੇ ਇਸਦੇ ਅਧਾਰ ਤੇ ਹੀ ਉਹਨਾਂ ਦੀ ਸੀਨੀਆਰਤਾ ਫਿਕਸ ਕੀਤੀ ਜਾਵੇਗੀ।

**ਸਹਾਇਕ ਡਾਇਰੈਕਟਰ (ਅਮਲਾ -2)**